# ਮਨੁੱਖੀ ਟਿਸ਼ੂ ਅਤੇ ਲਹੂ ਦੇ ਨਮੂਨੇ ਵਰਤ ਕੇ ਖੋਜ ਕਰਨ ਦੀ ਆਗਿਆ

ਇਸ ਜਾਣਕਾਰੀ ਪੜ੍ਹਨ ਅਤੇ ਕੈਂਸਰ ਦੀ ਖੋਜ ਲਈ ਔਨਕੌਰ ਯੂ.ਕੇ. ਨੂੰ ਲਹੂ ਅਤੇ ਟਿਸ਼ੂ ਦੇ ਨਮੂਨੇ ਦੇਣ ਲਈ ਤੁਹਾਡਾ ਧੰਨਵਾਦ। ਕਿਰਪਾ ਕਰਕੇ ਧਿਆਨ ਦਿਓ ਕਿ ਇਹ ਪ੍ਰਕਿਰਿਆ ਜੋ ਹੋਰ ਕਿਸੇ ਸੰਬੰਧਿਤ ਚਿਕਿੱਤਸਕ ਪਰੀਖਿਆ ਵਿੱਚ ਤੁਹਾਨੂੰ ਭਾਗ ਲੈਣ ਲਈ ਵੀ ਬੇਨਤੀ ਕੀਤੀ ਜਾ ਸਕਦੀ ਹੈ ਸੱਭ ਨਾਲੋਂ ਅਲੱਗ ਹੈ। ਜੇ ਤੁਸੀਂ ਇਸ ਵਿੱਚ ਭਾਗ ਲੈਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਤੁਸੀਂ ਸਾਨੂੰ ਆਪਣੀ ਆਗਿਆ ਦਿਓ, ਜਿਹੜੀ ਤੁਸੀਂ ਹੇਠਾਂ ਛੇ ਸਵਾਲਾਂ ਦੀ 'ਹਾਂ' ਨਾਲ ਪੁਸ਼ਟੀ ਕਰਕੇ ਦੇ ਸਕਦੇ ਹੋ। ਉਪਰੰਤ ਹੇਠਾਂ ਖਾਨੇ ਵਿੱਚ ਦਸਤਖ਼ਤ ਕਰੋ ਅਤੇ ਦਸਤਖ਼ਤ ਕਰਨ ਸਮੇਂ ਕਿਸੇ ਤੋਂ ਗਵਾਹੀ ਪੁਆਓ।

1. ਮੈਂ 'ਕੈਂਸਰ ਦੀ ਖੋਜ ਲਈ ਟਿਸ਼ੂ ਅਤੇ ਲਹੂ ਦੇ ਨਮੂਨੇ ਦੇਣਾ' ('Giving Tissue and Blood Samples for Cancer Research') ਦੇ ਸਿਰਲੇਖ ਵਾਲਾ 08-05-07 ਮਿੱਤੀਯੁਕਤ (ਰੂਪ 2) ਮਰੀਜ਼ ਜਾਣਕਾਰੀ ਪਰਚਾ ਪੜ੍ਹਿਆ ਅਤੇ ਸਮਝਿਆ ਹੈ, ਅਤੇ ਸਵਾਲ ਪੁੱਛਣ ਦਾ ਮੌਕਾ ਮਿਲ ਚੁੱਕਾ ਹੈ। ਇਨ੍ਹਾਂ ਸਵਾਲਾਂ ਦਾ ਜਵਾਬ ਸਪਸ਼ਟ ਅਤੇ ਸੰਤੁਸ਼ਟ ਢੰਗ ਨਾਲ ਦਿੱਤਾ ਗਿਆ ਹੈ ਅਤੇ ਔਨਕੌਰ ਯੂ.ਕੇ. ਨੂੰ ਮੇਰੇ ਨਮੂਨੇ ਦੇਣ ਦੇ ਖ਼ਤਰਿਆਂ ਅਤੇ ਲਾਭਾਂ ਬਾਰੇ ਮੈਨੂੰ ਸਮਝ ਹੈ।
ਹਾਂ ਨਹੀਂ

2. ਮੈਂ ਆਪਣੇ ਟਿਸ਼ੂ ਅਤੇ ਲਹੂ ਦੇ ਨਮੂਨੇ ਔਨਕੌਰ ਯੂ.ਕੇ. ਨੂੰ ਦੇਣ ਲਈ ਅਤੇ ਔਨਕੌਰ ਯੂ.ਕੇ. ਨੂੰ ਇਨ੍ਹਾਂ ਟਿਸ਼ੂਆਂ ਨੂੰ ਸਟੋਰ ਕਰਨ ਅਤੇ ਸੱਭ ਖੋਜੀਆਂ ਨੂੰ ਅਗਾਂਹ ਵੰਡਣ ਲਈ ਜਿਨ੍ਹਾਂ ਦੇ ਕੰਮ ਨੂੰ ਉਚਿੱਤ ਨੈਤਕ ਪਰਵਾਨਗੀ ਪ੍ਰਾਪਤ ਹੋਵੇ ਅਤੇ ਜਿਹੜੇ ਕੈਂਸਰ ਜਾਂ ਹੋਰ ਸੰਬੰਧਿਤ ਬਿਮਾਰੀਆਂ ਨੂੰ ਰੋਕਣ, ਦੀ ਤਸ਼ਖੀਸ ਅਤੇ/ਜਾਂ ਦਾ ਇਲਾਜ਼ ਕਰਨ ਲਈ ਉੱਚੇ ਮਿਆਰ ਦੀ ਚਿਕਿੱਤਸਕ ਖੋਜ ਕਰ ਰਹੇ ਹੋਣ ਲਈ ਆਗਿਆ ਦਿੰਦੀ/ਦਾ ਹਾਂ।
ਹਾਂ ਨਹੀਂ

3. ਮੈਂ ਸਮਝਦਾ/ਦੀ ਹਾਂ ਕਿ ਇਹ ਨਮੂਨੇ ਕਿਸ ਤਰ੍ਹਾਂ ਪ੍ਰਾਪਤ ਕੀਤੇ ਜਾਣਗੇ, ਕਿ ਖੋਜ ਲਈ ਨਮੂਨੇ ਦੇਣੇ ਸਵੈਇੱਛਤ ਹੈ ਅਤੇ ਮੈਂ ਆਪਣੇ ਨਮੂਨਿਆਂ ਦੀ ਵਰਤੋਂ ਪ੍ਰਤੀ ਆਪਣੀ ਆਗਿਆ ਕਾਰਨ ਦੇਣ ਤੋਂ ਬਗੈਰ ਅਤੇ ਮੇਰਾ ਡਾਕਟਰੀ ਇਲਾਜ਼ ਜਾਂ ਕਾਨੂੰਨੀ ਹੱਕ ਪ੍ਰਭਾਵਿੱਤ ਹੋਣ ਤੋਂ ਬਗੈਰ ਕਿਸੇ ਸਮੇਂ ਵੀ ਵਾਪਸ ਲੈ ਸਕਦੀ/ਦਾ ਹਾਂ।
ਹਾਂ ਨਹੀਂ

4. ਔਨਕੌਰ ਯੂ.ਕੇ. ਨੂੰ ਖੋਜ ਦੇ ਮੰਤਵਾਂ ਲਈ ਮੇਰੇ ਬਾਰੇ ਜਾਣਕਾਰੀ, ਮੇਰੀ ਦਿੱਤੀ ਹੋਈ ਜਾਂ ਮੇਰੇ ਡਾਕਟਰੀ ਅਤੇ ਦੂਜੇ ਸੇਹਤ-ਸੰਬੰਧਿਤ ਰਿਕਾਰਡਾਂ ਵਿੱਚੋਂ ਪ੍ਰਾਪਤ ਕੀਤੀ ਹੋਈ, ਦੇਣ ਅਤੇ ਇਹ ਸੰਭਾਲ ਕੇ ਰੱਖਣ ਲਈ ਮੈਂ ਆਗਿਆ ਦਿੰਦੀ/ਦਾ ਹਾਂ। ਮੈਂ ਸਮਝਦਾ/ਦੀ ਹਾਂ ਕਿ ਔਨਕੌਰ ਯੂ.ਕੇ. ਹਰ ਸਮੇਂ ਇਹ ਜਾਣਕਾਰੀ ਗੁੱਪਤ ਰੱਖੇਗੀ ਅਤੇ ਖੋਜੀਆਂ ਨੂੰ ਅਗਾਂਹ ਗੁਮਨਾਮ ਢੰਗ ਨਾਲ ਹੀ ਜਾਣਕਾਰੀ ਦੇਵੇਗੀ ਜਿਸ ਨਾਲ ਮੇਰੀ ਸ਼ਨਾਖ਼ਤ ਸੁਰੱਖਿਅਤ ਰੱਖੀ ਜਾ ਸਕੇ।
ਹਾਂ ਨਹੀਂ

5. ਮੈਂ ਸਮਝਦਾ/ਦੀ ਹਾਂ ਕਿ ਮੇਰੀ ਆਗਿਆ ਕਿਸੇ ਸਮੇਂ ਵੀ ਵਾਪਸ ਲਈ ਜਾ ਸਕਦੀ ਹੈ, ਬਸ਼ਰਤੇ ਕਿ ਮੇਰੇ ਨਮੂਨੇ ਹਾਲੇ ਵੀ ਔਨਕੌਰ ਯੂ.ਕੇ. ਸਾਂਭ ਰਹੀ ਹੈ, ਅਤੇ ਪਹਿਲਾਂ ਹੀ ਖੋਜ ਵਿੱਚ ਨਹੀਂ ਵਰਤੇ ਗਏ।
ਹਾਂ ਨਹੀਂ

6. ਮੈਂ ਸਮਝਦਾ/ਦੀ ਹਾਂ ਕਿ ਮੈਨੂੰ ਮੇਰੇ ਟਿਸ਼ੂ ਜਾਂ ਲਹੂ ਦੇ ਨਮੂਨੇ ਦਾਨ ਕਰਨ ਨਾਲ ਕੋਈ ਵੀ ਨਿੱਜੀ ਲਾਭ, ਆਰਥਿਕ ਜਾਂ ਕੋਈ ਹੋਰ ਨਹੀਂ ਹੋਵੇਗਾ। ਇਸ ਵਿੱਚ ਉਹ ਸਥਿਤੀਆਂ ਵੀ ਸ਼ਾਮਲ ਹਨ ਜਿਨ੍ਹਾਂ ਵਿੱਚ ਮੇਰੇ ਨਮੂਨੇ ਖੋਜ ਵਿੱਚ ਵਰਤਣ ਤੋਂ ਬਾਦ ਨਵਾਂ ਇਲਾਜ ਜਾਂ ਟੈਸਟ ਵਿਕਸਤ ਹੋਇਆ ਹੋਵੇ।
ਹਾਂ ਨਹੀਂ

| | | |
|---|---|---|
| | | |
| **ਮਰੀਜ਼ ਦਾ ਨਾਂ** | **ਮਿੱਤੀ** | **ਦਸਤਖ਼ਤ** |

| | | | |
|---|---|---|---|
| | | | |
| **ਗਵਾਹ ਦਾ ਨਾਂ** | **"ਭੂਮਿਕਾ"** | **ਮਿੱਤੀ** | **ਦਸਤਖ਼ਤ** |

ਇਹ ਗਵਾਹ ਸੇਹਤਦੇਖਭਾਲ ਕਾਮਾ, ਰਿਸ਼ਤੇਦਾਰ, ਹੋਰ ਮਰੀਜ਼, ਹੋਰ ਬਾਲਗ, ਆਦਿ ਉਪਲਬੱਧ ਹੋਣ ਅਨੁਸਾਰ।

ਖ਼ੋਜ ਵਿੱਚ ਮਦਦ ਕਰਨ ਲਈ ਇਹ ਤੋਹਫਾ ਦੇਣ ਲਈ ਰਜ਼ਾਮੰਦ ਹੋਣ ਵਾਸਤੇ ਤੁਹਾਡਾ ਧੰਨਵਾਦ।

ਫਾਰਮ (Form version) 2
ਮਿੱਤੀ (Date) 08-05-07